# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 08-08-2024**

ਭਾਰਤੀ ਪੁਲਾੜ ਖੋਜ ਸੰਗਠਨ - ਇਸਰੋ ਆਉਂਦੇ ਸੁਤੰਤਰਤਾ ਦਿਵਸ ਨੂੰ, ਪੁਲਾੜ ਵਿੱਚ ਇੱਕ ਧਰਤੀ ਨਿਰੀਖਣ ਸੈਟੇਲਾਈਟ ਨੂੰ ਗ੍ਰਹਿ ਪੰਧ ਵਿੱਚ ਰੱਖ ਕੇ ਮਨਾਏਗਾ। 15 ਅਗਸਤ ਨੂੰ ਸਵੇਰੇ 9 ਵੱਜ ਕੇ 17 ਮਿੰਟ ਤੇ ਸ੍ਰੀ-ਹਰੀਕੋਟਾ ਤੋਂ ਦਾਗੇ ਜਾਣ ਵਾਲੇ ਇਸ ਸੈਟੇਲਾਈਟ ਲਈ, ਛੋਟੇ ਸੈਟੇਲਾਈਟ ਲਾਂਚ ਵਾਹਨ ਦੀ ਵਰਤੋਂ ਕੀਤੀ ਜਾਵੇਗੀ। ਇਸ ਸੈਟੇਲਾਈਟ ਵਿੱਚ ਕਈ ਆਧੁਨਿਕ ਪੇਲੋਡ ਯੰਤਰ ਨੇ, ਜਿਹੜੇ ਅੱਗ ਤੇ ਹੜ੍ਹ ਨਾਲ ਸਬੰਧਤ ਡਿਜ਼ਾਸਟਰ ਰਿਮੋਟ ਸੈਂਸਿੰਗ ਜਾਣਕਾਰੀ ਅਤੇ ਯੂ. ਵੀ. ਰੇਡੀਏਸ਼ਨ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਨ ਦੇ ਯੋਗ ਹੋਣਗੇ।

---

ਪੰਜਾਬ BJP ਦੇ ਮੀਤ ਪ੍ਰਧਾਨ ਡਾ: ਸੁਭਾਸ਼ ਸ਼ਰਮਾ ਨੇ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਚੁਣੌਤੀ ਦਿੱਤੀ ਏ, ਕਿ ਜੇਕਰ ਉਹ ਸੱਚਮੁੱਚ

ਕਿਸਾਨ ਹਿਤੈਸ਼ੀ ਨੇ, ਤਾਂ ਹਰਿਆਣਾ ਸਰਕਾਰ ਵਾਂਗ ਸੂਬੇ ਦੇ ਕਿਸਾਨਾਂ ਨੂੰ ਵੀ 22 ਫ਼ਸਲਾਂ 'ਤੇ ਘੱਟੋ ਘਟ ਸਮਰਥਨ ਮੁੱਲ MSP ਦਾ ਐਲਾਨ ਕਰਨ। ਇਕ ਬਿਆਨ ਵਿਚ ਉਨਾਂ ਕਿਹਾ ਕਿ ਜੇਕਰ ਮੁਖ ਮੰਤਰੀ ਅਜਿਹਾ ਨਹੀਂ ਕਰਦੇ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਉਹ, ਕਿਸਾਨ ਹਿਤੈਸ਼ੀ ਮੁੱਖ ਮੰਤਰੀ ਨਹੀਂ ਸਗੋਂ ਕਿਸਾਨਾਂ ਦੇ ਮੁੱਦਿਆਂ 'ਤੇ ਸਿਆਸਤ ਕਰਨ ਵਾਲੇ ਮੁੱਖ ਮੰਤਰੀ ਨੇ । ਡਾ: ਸੁਭਾਸ਼ ਸ਼ਰਮਾ ਨੇ ਸਵਾਲ ਕੀਤਾ ਕਿ ਮੁਖ ਮੰਤਰੀ ਨੇ ਸੂਬਾ ਸਰਕਾਰ ਵਲੋਂ ਸਾਰੀਆਂ 22 ਫਸਲਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦਣ ਦੀ ਗੱਲ ਆਖੀ ਸੀ, ਪਰ ਫਿਰ ਹੁਣ ਕੀ ਹੋ ਗਿਆ ਏ । ਉਨਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਨੇ, ਕਿਸਾਨਾਂ ਦਾ ਸਿਰਫ਼ ਸਿਆਸੀ ਲਾਹਾ ਲਿਆ ਏ, ਜਦਕਿ ਅਸਲੀਅਤ ਇਹ ਏ ਕਿ ਕਿਸਾਨਾਂ ਨਾਲ ਧੋਖਾ ਕੀਤਾ ਗਿਆ ਏ।

---------------------------------------------------------------

ਕੇਂਦਰੀ ਜਾਂਚ ਬਿਊਰੋ ਸੀ.ਬੀ.ਆਈ. ਨੇ  ਲੁਧਿਆਣਾ ਦੇ ਮੁੱਖ ਕਮਿਸ਼ਨਰ ਇਨਕਮ ਟੈਕਸ, ਪ੍ਰਸ਼ਾਸ਼ਨਿਕ ਅਧਿਕਾਰੀ ਤੇ  ਪੀ.ਆਰ.ਓ ਅਸ਼ੋਕ ਕੁਮਾਰ ਨੂੰ, 8 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ, ਰੰਗੇ ਹੱਥੀਂ ਕਾਬੂ

ਕੀਤਾ ਏ। ਉਸਨੇ ਸ਼ਿਕਾਇਤਕਰਤਾ ਤੋਂ 15 ਹਜ਼ਾਰ ਰੁਪਏ ਦੀ ਰਿਸ਼ਵਤ ਮੰਗੀ ਸੀ। ਸੀ.ਬੀ.ਆਈ. ਦੇ ਇਕ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਅਸ਼ੋਕ ਕੁਮਾਰ ਖਿਲਾਫ ਮਾਮਲਾ ਦਰਜ ਕੀਤਾ ਸੀ। ਸ਼ਿਕਾਇਤਕਰਤਾ ਏਅਰ ਕੰਡੀਸ਼ਨਰ ਦੀ ਮੁਰੰਮਤ ਦੇ ਕੰਮ ਦਾ ਕਾਰੋਬਾਰ ਚਲਾਉਂਦਾ ਏ ਅਤੇ ਇਨਕਮ ਟੈਕਸ ਦਫਤਰ ਲੁਧਿਆਣਾ ਵਿੱਚ ਏ. ਸੀ. ਦੀ ਮੁਰੰਮਤ ਦਾ ਕੰਮ ਕਰਦਾ ਏ। ਉਸ ਨੇ ਇਨਕਮ ਟੈਕਸ ਦਫਤਰ ਦਾ ਦੌਰਾ ਕੀਤਾ ਅਤੇ ਦੋਸ਼ੀ ਪ੍ਰਸ਼ਾਸਨਿਕ ਅਧਿਕਾਰੀ ਨੂੰ ਉਸ ਦੇ ਬਕਾਇਆ ਬਿੱਲ ਕਲੀਅਰ ਕਰਨ ਤੇ ਉਸ ਨੂੰ AC ਮੁਰੰਮਤ ਨਾਲ ਸਬੰਧਤ ਨਵਾਂ ਕੰਮ ਮੁਹੱਈਆ ਕਰਵਾਉਣ ਲਈ ਵੀ ਬੇਨਤੀ ਕੀਤੀ। ਇਸ ਤੋਂ ਬਾਅਦ ਅਸ਼ੋਕ ਕੁਮਾਰ ਨੇ ਉਸ ਨੂੰ AC ਮੁਰੰਮਤ ਨਾਲ ਸਬੰਧਤ ਤਾਜ਼ਾ ਕੰਮ ਸੌਂਪਣ ਲਈ, 15 ਹਜ਼ਾਰ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ। ਬੁਲਾਰੇ ਨੇ ਦੱਸਿਆ ਕਿ ਸੀ.ਬੀ.ਆਈ. ਨੇ, ਦੋਸ਼ੀ ਨੂੰ ਸ਼ਿਕਾਇਤ-ਕਰਤਾ ਤੋਂ 8 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਸ ਦੇ ਰਿਹਾਇਸ਼ੀ ਤੇ ਸਰਕਾਰੀ ਥਾਵਾਂ ਦੀ ਤਲਾਸ਼ੀ ਲੈ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਏ।

---

ਫਸਲੀ ਵਿਭਿੰਨਤਾ ਅਪਨਾਉਣ ਅਤੇ ਕਿਸਾਨਾਂ ਨੂੰ ਰਵਾਇਤੀ ਫਸਲ ਚੱਕਰ ਵਿਚੋਂ ਕੱਢਣ ਲਈ ਸਰਕਾਰ ਵੱਖ-ਵੱਖ ਸਕੀਮਾਂ ਚਲਾ ਰਹੀ ਏ ਅਤੇ ਬਾਗਬਾਨੀ ਵਿਭਾਗ ਇਨਾਂ ਸਕੀਮਾਂ ਨੂੰ ਜਿਮੀਦਾਰਾਂ ਤੱਕ ਪਹੁੰਚਾਉਣ ਲਈ ਉਪਰਾਲੇ ਕਰ ਰਿਹਾ ਏ। ਡਿਪਟੀ ਡਾਇਰੈਕਟਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਇਸੇ ਲੜੀ ਤਹਿਤ ਐਨ.ਐਚ.ਐਮ. ਸਕੀਮ ਅਧੀਨ ਨਵਾਂ ਬਾਗ ਲਗਾਉਣ ਲਈ 19 ਤੋਂ 20 ਹਜ਼ਾਰ ਰੁਪਏ ਪ੍ਰਤੀ ਹੈਕਟੇਅਰ, ਪੁਰਾਣੇ ਬਾਗਾਂ ਨੂੰ ਮੁੜ ਸੁਰਜੀਤ ਕਰਨ ਲਈ 20 ਹਜ਼ਾਰ ਰੁਪਏ ਪ੍ਰਤੀ ਹੈਕਟੇਅਰ, ਸ਼ੇਡ ਨੈਟ ਹਾਊਸ ਲਈ 14, 20 ਹਜ਼ਾਰ ਰੁਪਏ ਪ੍ਰਤੀ ਏਕੜ, ਵਰਮੀ ਕੰਪੋਸਟ ਯੂਨਿਟ ਲਈ 50 ਹਜਾਰ ਰੁਪਏ ਪ੍ਰਤੀ ਯੂਨਿਟ, ਸ਼ਹਿਦ ਦੀਆਂ ਮੱਖੀਆਂ ਪਾਲਣ ਲਈ 1600 ਰੁਪਏ ਪ੍ਰਤੀ ਬਕਸਾ ਸਮੇਤ 8 ਫਰੇਮ ਮੱਖੀ, ਮਸ਼ੀਨਰੀ ਜਿਵੇਂ ਕਿ ਪਾਵਰ ਟਿਲਰ, ਸਪਰੇ ਪੰਪ, ਆਦਿ ਤੇ 40 ਫੀਸਦੀ ਸਬਸਿਡੀ ਦਿੱਤੀ ਜਾ ਰਹੀ ਏ। ਉਨ੍ਹਾਂ ਕਿਸਾਨਾਂ ਨੂੰ ਇਨ੍ਹਾਂ ਸਕੀਮਾ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਬਾਗਬਾਨੀ ਵਿਭਾਗ ਜਾਂ

ਆਪਣੇ ਨਜਦੀਕੀ ਬਾਗਬਾਨੀ ਦਫਤਰ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਏ।

---------------------------------------------------------------

ਪੰਜਾਬ ਵਿੱਚ ਅਗਸਤ ਮਹੀਨੇ ਵਿੱਚ ਮੌਨਸੂਨ ਦੇ ਸਰਗਰਮ ਹੋਣ ਦੀ ਪੂਰੀ ਪੂਰੀ ਸੰਭਾਵਨਾ ਸੀ, ਪਰ ਇਸ ਦੇ ਬਾਵਜੂਦ ਸੂਬੇ ਵਿੱਚ ਇਸ ਮਹੀਨੇ ਦੇ ਪਹਿਲੇ ਹਫਤੇ ਵਿਚ, 29 ਫੀਸਦੀ ਘੱਟ ਮੀਂਹ ਦਰਜ ਕੀਤਾ ਗਿਆ ਏ। ਸੂਬੇ ਦੇ 9 ਜ਼ਿਲ੍ਹੇ ਅਜਿਹੇ ਨੇ ਜਿੱਥੇ ਮੀਂਹ ਨਹੀਂ ਪਿਆ ਏ।

---------------------------------------------------------------

ਪੈਰਿਸ ਓਲੰਪਿਕ ਵਿਚ ਮਰਦਾਂ ਦੇ ਹਾਕੀ ਵਰਗ ਵਿੱਚ, ਭਾਰਤ ਅੱਜ ਭਾਰਤੀ ਟੀਮ ਕਾਂਸੇ ਦੇ ਤਮਗੇ ਲਈ ਸਪੇਨ ਨਾਲ ਮੁਕਾਬਲਾ ਕਰੇਗੀ। ਇਹ ਮੈਚ ਸ਼ਾਮ ਸਾਢੇ ਪੰਜ ਵਜੇ ਸ਼ੁਰੂ ਹੋਵੇਗਾ। ਓਲੰਪਿਕ ਖੇਡਾਂ ਵਿੱਚ ਇਹ ਲਗਾਤਾਰ ਦੂਜੀ ਵਾਰ ਏ, ਜਦੋਂ ਟੀਮ ਕਾਂਸੇ ਦਾ ਤਗਮਾ ਜਿੱਤਣ ਵਾਲਾ ਮੈਚ ਖੇਡੇਗਾ। ਟੋਕਿਓ ਓਲੰਪਿਕ ਵਿਚ ਟੀਮ ਨੇ, ਕਾਂਸੇ ਦਾ ਤਗਮਾ ਜਿਤਿਆ ਸੀ। ਗੋਲਫ ਦੇ ਮਹਿਲਾ ਵਰਗ ਵਿੱਚ ਦੀਕਸ਼ਾ ਡਾਗਰ ਤੇ ਅਦਿਤੀ ਅਸ਼ੋਕ ਗੋਲਫ ਮੈਦਾਨ ਵਿੱਚ ਉਤਰਨਗੀਆਂ ਜਦਕਿ ਫ੍ਰੀ

ਸਟਾਈਲ ਕੁਸ਼ਤੀ ਦੇ ਮਰਦਾਂ ਦੇ 57 ਕਿਲੋ ਭਾਰ ਵਰਗ ਵਿੱਚ ਅਮਨ ਸਹਿਰਾਵਤ ਅਤੇ ਇਸੇ ਭਾਰ ਵਰਗ ਦੇ ਮਹਿਲਾ ਵਰਗ ਵਿੱਚ ਅੰਸ਼ੂ ਮਲਿਕ ਦੇ ਮੈਚ ਹੋਣਗੇ। ਮਰਦਾਂ ਦੇ ਜੈਵਲਿਨ ਥ੍ਰੋਅ ਵਿੱਚ ਟੋਕੀਓ ਓਲੰਪਿਕ ਖੇਡਾਂ ਦਾ ਸੋਨ ਤਗਮਾ ਜੇਤੂ ਨੀਰਜ ਚੋਪੜਾ ਇਸ ਵਾਰ ਆਪਣਾ ਦੂਜਾ ਓਲੰਪਿਕ ਤਗਮਾ ਜਿੱਤਣ ਦਾ ਯਤਨ ਕਰਨਗੇ।